# ਭਾਰਤ ਭੂਟਾਨ ਵਿਕਾਸ ਸਹਿਕਾਰਤਾ ਵਾਰਤਾ

ਮਾਰਚ 01, 2024

ਸਾਲਾਨਾ ਭਾਰਤ ਭੂਟਾਨ ਵਿਕਾਸ ਸਹਿਕਾਰਤਾ ਵਾਰਤਾ ਸ਼ੁੱਕਰਵਾਰ, 01 ਮਾਰਚ, 2024 ਨੂੰ ਨਵੀਂ ਦਿੱਲੀ ਵਿੱਖੇ ਹੋਈ। ਭੂਟਾਨੀ ਵਫ਼ਦ ਦੀ ਅਗਵਾਈ ਵਿਦੇਸ਼ ਮਾਮਲਿਆਂ ਅਤੇ ਵਿਦੇਸ਼ ਵਪਾਰ ਮੰਤਰਾਲੇ ਦੇ ਸਕੱਤਰ ਔਮ ਪੇਮਾ ਚੋਡੇਨ ਨੇ ਕੀਤੀ ਅਤੇ ਇਸ ਵਿੱਚ ਭੂਟਾਨ ਦੀ ਸ਼ਾਹੀ ਸਰਕਾਰ ਦੇ ਸੀਨੀਅਰ ਅਧਿਕਾਰੀ ਸ਼ਾਮਲ ਸਨ। ਭਾਰਤੀ ਵਫ਼ਦ ਦੀ ਅਗਵਾਈ ਸ਼੍ਰੀ ਵਿਨੈ ਕਵਾਤਰਾ, ਵਿਦੇਸ਼ ਸਕੱਤਰ ਅਤੇ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਦੇ ਹੋਰ ਅਧਿਕਾਰੀਆਂ ਦੁਆਰਾ ਕੀਤੀ ਗਈ।

ਵਾਰਤਾ ਦੌਰਾਨ, ਦਵੇਂ ਪੱਖਾਂ ਨੇ 12ਵੀਂ ਭੂਟਾਨੀ ਪੰਜ ਸਾਲਾ ਯੋਜਨਾ ਹੇਠਾਂ, ਭਾਰਤ ਸਰਕਾਰ ਦੁਆਰਾ ਸਮਰਥਿਤ ਪ੍ਰੋਜੈਕਟਾਂ ਦੀ ਤਰੱਕੀ ਦੀ ਸਮੀਖਿਆ ਕੀਤੀ। ਭੂਟਾਨੀ ਧਿਰ ਨੇ, ਕੋਵਿਡ-19 ਮਹਾਂਮਾਰੀ ਦੇ ਔਖੇ ਸਮੇਂ ਦੌਰਾਨ, ਭਾਰਤ ਦੁਆਰਾ ਭੂਟਾਨ ਨੂੰ ਦਿੱਤੇ ਅਟੁੱਟ ਸਮਰਥਨ ਅਤੇ ਸਹਿਯੋਗ ਵਾਸਤੇ, ਭਾਰਤ ਦੇ ਲੋਕਾਂ ਅਤੇ ਭਾਰਤ ਸਰਕਾਰ ਦੀ ਪ੍ਰਸ਼ੰਸਾ ਕੀਤੀ।

12ਵੀਂ ਪੰਜ ਸਾਲਾ ਯੋਜਨਾ ਰਾਹੀਂ ਦੁਵੱਲੀ ਸਾਂਝੇਦਾਰੀ, 83 ਪ੍ਰੋਜੈਕਟਾਂ ਨਾਲ ਜੁੜੀ ਸਹਾਇਤਾ ਅਤੇ ਸਿੱਖਿਆ, ਸਿਹਤ, ਡਿਜੀਟਲ ਵਿਕਾਸ, ਸਮਰੱਥਾ ਵਿਕਾਸ, ਕਾਨੂੰਨ, ਬੁਨਿਆਦੀ ਢਾਂਚਾ, ਵਪਾਰ, ਖੇਤੀਬਾੜੀ, ਖੇਡਾਂ ਅਤੇ ਸੱਭਿਆਚਾਰ ਵਰਗੇ ਖੇਤਰਾਂ ਦੇ 524 ਉੱਚ ਪ੍ਰਭਾਵ ਵਾਲੇ ਭਾਈਚਾਰਕ ਵਿਕਾਸ ਪ੍ਰੋਜੈਕਟਾਂ ਨੂੰ ਸਫਲਤਾਪੂਰਵਕ ਲਾਗੂ ਕੀਤਾ ਗਿਆ ਹੈ।

ਦੋਹਾਂ ਪੱਖਾਂ ਨੇ ਭੂਟਾਨ ਦੀ ਸ਼ਾਹੀ ਸਰਕਾਰ ਦੇ 'ਸਿਹਤਮੰਦ, ਖੁਸ਼ਹਾਲ ਅਤੇ ਸੁਰੱਖਿਅਤ ਭੂਟਾਨ' ਦੇ ਟੀਚੇ ਨੂੰ ਪ੍ਰਾਪਤ ਕਰਨ ਵਾਸਤੇ ਭੂਟਾਨ ਦੀ 13ਵੀਂ ਪੰਜ ਸਾਲਾ ਯੋਜਨਾ ਲਈ ਤਰਜੀਹੀ ਖੇਤਰਾਂ ਅਤੇ ਪ੍ਰੋਜੈਕਟਾਂ 'ਤੇ ਗੱਲਬਾਤ ਕੀਤੀ। ਭਾਰਤ ਸਰਕਾਰ ਨੇ ਦੱਸਿਆ ਕਿ, ਇਹ ਭੂਟਾਨ ਦੀ ਸ਼ਾਹੀ ਸਰਕਾਰ ਦੇ ਨਾਲ ਆਪਣੇ ਵਿਕਾਸ ਏਜੰਡੇ 'ਤੇ, ਮਹਾਮਹਿਮ ਦੇ ਵਿਜ਼ਨ ਦੇ ਅਨੁਸਾਰ ਅਤੇ ਸ਼ਾਹੀ ਸਰਕਾਰ ਦੀਆਂ ਤਰਜੀਹਾਂ ਅਤੇ ਇੱਛਾਵਾਂ ਦੇ ਅਧਾਰ 'ਤੇ ਕੰਮ ਕਰਨਾ ਜਾਰੀ ਰੱਖੇਗੀ। ਦੋਵੇਂ ਪੱਖਾਂ ਨੇ ਥਿੰਫੂ ਵਿੱਚ ਅਗਲੀ ਵਿਕਾਸ ਸਹਿਕਾਰਤਾ ਵਾਰਤਾ ਆਪਸੀ ਸੁਵਿਧਾਜਨਕ ਮਿਤੀ 'ਤੇ ਰੱਖਣ ਵਾਸਤੇ ਸਹਿਮਤੀ ਬਣਾਈ।

ਇਹ ਵਾਰਤਾ ਦੋਵੇਂ ਮੁਲਕਾਂ ਵਿਚਕਾਰ ਮੌਜੂਦ ਦੋਸਤੀ ਅਤੇ ਸਹਿਯੋਗ ਦੇ ਸ਼ਾਨਦਾਰ ਸਬੰਧਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਦੋਸਤਾਨਾ ਅਤੇ ਸੁਹਿਰਦ ਭਰੇ ਮਾਹੌਲ ਵਿੱਚ ਰੱਖੀ ਗਈ।

**ਨਵੀਂ ਦਿੱਲੀ**

**ਮਾਰਚ 01, 2024**